ਦਫਤਰ ਜਿਲਾ ਸਿੱਖਿਆ ਅਫਸਰ(ਸੈਸਿ.)ਜਲੰਧਰ
ਈਮੇਲ:-deose.jalandhar@punjabeducation.gov.in
Tel No. 0181-2402078 Pin-144008

ਵੱਲ,

ਸਮੂਹ ਸਕੂਲ,
ਜਿਲ੍ਹਾ ਜਲੰਧਰ

ਪੱਤਰ ਨੰ. ਜੀ-2/2024-21266
ਮਿਤੀ ਜਲੰਧਰ:-27.8.2024

ਵਿਸ਼ਾ: **Narco Coordination Centre(NCORD) Mechanism ਸਬੰਧੀ ਰਿਪੋਰਟ।**

ਹਵਾਲਾ: **ਆਪ ਜੀ ਦੇ ਦਫਤਰ ਦੇ ਪੱਤਰ ਨੰ 6151/MA Dated 23.8.2024**

ਉਪਰੋਕਤ ਵਿਸ਼ੇ ਸਬੰਧੀ ਸਿੱਖਿਆ ਵਿਭਾਗ ਵੱਲੋਂ ਬੱਡੀ ਪ੍ਰੋਗਰਾਮ ਅਤੇ ਤੰਬਾਕੂ ਦੇ ਮਾਰੂ ਪ੍ਰਭਾਵਾਂ ਬਾਰੇ ਜਿਲ੍ਹੇ ਵਿੱਚ ਹੇਠ ਲਿਖੇ ਅਨੁਸਾਰ ਸਕੂਲਾਂ ਵਿੱਚ ਗਤੀਵਿਧੀਆਂ ਕਰਵਾਈਆਂ ਜਾਣ।

1.ਜਿਲ੍ਹੇ ਦੇ ਹਰ ਸਕੂਲ ਵਿੱਚ ਵਿਦਿਆਰਥੀਆਂ ਦੇ ਜਮਾਤ ਵਾਈਜ਼ ਬੱਡੀ ਗਰੁੱਪ ਬਣਾਏ ਗਏ ਹਨ ਅਤੇ ਹਰ ਜਮਾਤ ਦੇ ਇੰਚਾਰਜ ਨੂੰ ਸੀਨੀਅਰ ਬੱਡੀ ਲਗਾਇਆ ਗਿਆ ਹੈ।

2. ਸਕੂਲ ਸਮਾਂ ਸਾਰਣੀ ਵਿੱਚ ਬੱਡੀ ਗਤੀਵਿਧੀਆਂ ਲਈ ਹਰ ਸ਼ੁਕਰਵਾਰ ਇੱਕ ਪੱਕਾ ਪੀਰੀਅਡ ਨਿਸ਼ਚਿਤ ਕੀਤਾ ਗਿਆ ਹੈ।

3. ਨਸ਼ੇ ਦੇ ਪ੍ਰਭਾਵਾਂ ਤੋਂ ਮੁਕਤ ਹੋਣ ਲਈ ਐਜੂਸੈਟ ਤੇ ਵੀਡੀਓਜ਼ ਵਿਖਾਈਆਂ ਜਾਂਦੀਆਂ ਹਨ।

4. ਹਰ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਲਈ ਸਵੇਰ ਦੀ ਸਭਾ ਵਿੱਚ ਸਨਮਾਨਿਤ ਕੀਤਾ ਜਾਂਦਾ ਹੈ।

5. ਬੱਡੀ ਪੋਗਰਾਮ ਅਧੀਨ ਕਰਵਾਈਆ ਗਤੀਵਿਧੀਆਂ ਦਾ ਰਿਕਾਰਡ ਸਕੂਲ ਨੋਡਲ ਅਫਸਰ ਵਲੋਂ ਬੱਡੀ ਰਜਿਸਟਰ ਵਿੱਚ ਰੱਖਿਆ ਜਾਂਦਾ ਹੈ।

6. ਹਰ ਮਹੀਨੇ ਕਰਵਾਈਆਂ ਗਈਆਂ ਗਤੀਵਿਧੀਆਂ ਦੀਆਂ ਫੋਟੋਆਂ ਵੱਟਸਐਪ ਵਿੱਚ ਸ਼ੇਅਰ ਕੀਤੀਆਂ ਜਾਂਦੀਆਂ ਹਨ।

ਜਿਲ੍ਹੇ ਦੇ ਹਰ ਸਕੂਲ ਵਿੱਚ ਹਫਤੇ ਵਿੱਚ ਇੱਕ ਅਤੇ ਮਹੀਨੇ ਵਿੱਚ ਚਾਰ ਗਤੀਵਿਧੀਆਂ ਹੇਠ ਲਿਖੇ ਅਨੁਸਾਰ ਕਰਵਾਈਆਂ ਜਾਂਦੀਆਂ ਹਨ।

1. ਪਹਿਲੇ ਸ਼ੁੱਕਰਵਾਰ ਪੇਂਟਿੰਗ ਮੁਕਾਬਲਾ/ਪੋਸਟਰ ਮੇਕਿੰਗ/ਸਲੋਗਨ ਰਾਈਟਿੰਗ ਕਰਵਾਏ ਜਾਂਦੇ ਹਨ।
2. ਦੂਸਰੇ ਸ਼ੁੱਕਰਵਾਰ ਲੇਖ ਰਚਨਾ/ ਭਾਸ਼ਣ ਮੁਕਾਬਲੇ, ਸਕਿਟ/ਸਾਇਕਲ ਰੈਲੀ ਆਦਿ ਕਰਵਾਏ ਜਾਂਦੇ ਹਨ।
3. ਤੀਸਰੇ ਸ਼ੁੱਕਰਵਾਰ ਯੋਗਾ/ਕਸਰਤ/ਐਰੋਬਿਕ ਕਸਰਤ/ਖੇਡਾਂ ਕਰਵਾਏ ਜਾਂਦੇ ਹਨ।
4. ਚੌਥੇ ਸ਼ੁੱਕਰਵਾਰ ਗੀਤ/ਕਵਿਤਾ/ਮਮਿਕਰੀ ਆਦਿ ਕਰਵਾਏ ਜਾਂਦੇ ਹਨ।

ਤੰਬਾਕੂ ਜਾਗਰੂਕਤਾ ਅਧੀਨ ਵਿਭਾਗ ਵਲੋ 'ਦਿੱਥਓਿ ਹਦਾਇਤਾਂ ਅਨੁਸਾਰ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਤੰਬਾਕੂ ਦੇ ਮਾਰੂ ਪ੍ਰਭਾਵਾਂ ਤੋਂ ਜਾਗਰੂਕ ਕੀਤਾ ਜਾਂਦਾ ਹੈ।ਬੱਡੀ ਪ੍ਰੋਗਰਾਮ ਤਹਿਤ ਤੰਬਾਕੂ ਦੇ ਮਾਰੂ ਪ੍ਰਭਾਵਾਂ ਤੇ ਜਾਗਰੂਕਤਾ ਸਬੰਧੀ ਵੱਖ ਵੱਖ ਮੁਕਾਬਲੇ ਜਿਵੇਂ ਪੇਟਿੰਗ,ਸਲੋਗਨ,ਲੇਖ ਰਚਨਾ ਅਤੇ ਡਿਬੇਟ ਮੁਕਾਬਲੇ ਕਰਵਾਏ ਜਾਂਦੇ ਹਨ।

ਇਸ ਤੋਂ ਇਲਾਵਾ ਹਰ ਸਕੂਲ ਮੁੱਖੀ ਵਲੋਂ ਸਕੂਲ ਦੇ ਆਲੇ ਦੁਆਲੇ ਸਮੇਂ ਸਮੇਂ ਸਿਰ ਜਾਗਰੂਕਤਾ ਰੈਲੀਆਂ ਕੱਢੀਆਂ ਜਾਂਦੀਆਂ ਹਨ ਅਤੇ ਨਿਸ਼ਚਿਤ ਕੀਤਾ ਗਿਆ ਹੈ ਕਿ ਸਕੂਲ ਦੇ 100 ਮੀਟਰ ਦਾਅਰੇ ਵਿੱਚ ਤੰਬਾਕੂ ਦੀ ਕੋਈ ਦੁਕਾਨ ਨਹੀ ਹੈ।

ਨੋਡਲ ਅਫਸਰ(ਬੱਡੀ ਪ੍ਰੋਗਰਾਮ)
ਜਲੰਧਰ

ਜਿਲਾ ਸਿੱਖਿਆ ਅਫਸਰ(ਸੈਸਿ.)
ਜਲੰਧਰ

Scanned with OKEN Scanner